# ਮਹਾਰਾਜਾ ਗੰਗਾ ਸਿੰਘ

ਰਾਵ ਬੀਕਾ ਜੀ ਨੇ, ਬੀਕਾਨੇਰ ਰਿਆਸਤ, 1472 ਈ. ਵਿੱਚ ਸਥਾਪਤ ਕੀਤੀ ਸੀ। ਬੀਕਾ ਜੀ ਰਾਵ ਜੋਧਾ ਜੀ ਦਾ ਪੁੱਤਰ ਸੀ ਤੇ ਜੋਧਾ ਜੀ ਜੋਧਪੁਰ ਦਾ ਹੁਕਮਰਾਨ ਸੀ।

ਮਹਾਰਾਜਾ ਗੰਗਾ ਸਿੰਘ ਬੀਕਾਨੇਰ ਰਿਆਸਤ ਦਾ ਰਾਜਾ ਸੀ। ਇਹਨਾਂ ਦਾ ਜਨਮ ੧੩ ਅਕਤੂਬਰ ੧੮੮੦ ਈ. ਨੂੰ ਲਾਲ ਸਿੰਘ ਦੇ ਘਰ ਮਾਤਾ ਚੰਦਰਾਵਤ ਦੀ ਕੁੱਖੋਂ ਹੋਇਆ ਸੀ।

**ਜਣਨੀ ਜਣੇ ਤਾਂ ਭਗਤ ਜਨ ਕਿ ਦਾਤਾ ਕਿ ਸੂਰ**

**ਨਹੀਂ ਤਾਂ ਜਣਨੀ ਬਾਂਝ ਰਹੇ ਕਾਹੇ ਗਵਾਵੈ ਨੂਰ**

ਵੀਹਵਾਂ ਰਾਜਾ ਡੂੰਗਰ ਸਿੰਘ ਇਸ ਦਾ ਵੱਡਾ ਭਰਾ ਸੀ। ਡੂੰਗਰ ਸਿੰਘ ਦੀ ਮੌਤ 19 ਅਗਸਤ 1887 ਈ. ਨੂੰ ਹੋਈ ਅਤੇ ਮਹਾਰਾਜਾ ਗੰਗਾ ਸਿੰਘ 31 ਅਗਸਤ 1887 ਈ. ਨੂੰ ਗੱਦੀ ’ਤੇ ਬੈਠਾ। ਇਸ ਸਮੇਂ ਉਹਨਾਂ ਦੀ ਉਮਰ ਸੱਤ ਸਾਲ ਤੋਂ ਵੀ ਘੱਟ ਸੀ।

ਗੰਗਾ ਸਿੰਘ ਨੂੰ ਗੱਦੀ ’ਤੇ ਬੈਠਿਆਂ ਅਜੇ ਮਹੀਨਾ ਹੀ ਹੋਇਆ ਸੀ ਕਿ ਉਹਨਾਂ ਦੇ ਪਿਤਾ ਦੀ ਮੌਤ ਹੋ ਗਈ। ਅਸਲ ’ਚ ਉਸ ਦਾ ਪਿਤਾ ਉਸ ਦੇ ਵੱਡੇ ਭਰਾ ਡੂੰਗਰ ਸਿੰਘ ਨੂੰ ਬਹੁਤ ਪਿਆਰ ਕਰਦਾ ਸੀ ਤੇ ਉਸ ਦਾ ਵਿਛੋੜਾ ਉਸ ਤੋਂ ਝੱਲਿਆ ਨਹੀਂ ਸੀ ਗਿਆ। ਗੰਗਾ ਸਿੰਘ ਅਜੇ ਬੱਚਾ ਸੀ ਅਤੇ ਪਰਿਵਾਰ ਵਿੱਚ ਕੋਈ ਹੋਰ ਉਸ ਦੀ ਮਦਦ ਕਰਨ ਵਾਲਾ ਨਹੀਂ ਸੀ। ਇਸ ਲਈ ਰਾਜ ਦੀ ਰਾਜ ਕੌਂਸਲ ਨੂੰ ਹੀ ਰੀਜੈਂਸੀ ਕੌਂਸਲ ’ਚ ਬਦਲ ਦਿੱਤਾ ਗਿਆ। ਉਸ ਦਾ ਪ੍ਰਧਾਨ ਕਰਨਲ ਥਾਰਨਟਨ ਨੂੰ ਬਣਾਇਆ ਗਿਆ । ਉਸ ਵੇਲੇ ਰਾਜ ਦੀ ਇਕ ਸਾਲ ਦੀ ਆਮਦਨ ਲਗਭਗ 16 ਲੱਖ ਸੀ।

ਇਸ ਕੌਂਸਲ ਨੇ ਰਾਜ ਦਾ ਕੰਮ ਚਲਾਇਆ ਤੇ ਗੰਗਾ ਸਿਿਘ ਦੀ ਸਿੱਖਿਆ ਦਾ ਵੀ ਵਧੀਆ ਪ੍ਰਬੰਧ ਕੀਤਾ। ਬਾਲਗ ਹੋ ਕੇ, ਜਦੋਂ ਗੰਗਾ ਸਿੰਘ ਨੇ ਰਿਆਸਤ ਦਾ ਕੰਮ ਆਪ ਸੰਭਾਲਿਆ ਤਾਂ ਉਦੋਂ ਰਿਆਸਤ ਦੀ ਆਮਦਨ ਲਗਭਗ 20 ਲੱਖ ਹੋ ਗਈ ਸੀ। 16 ਦਸੰਬਰ 1898 ਨੂੰ ਰਾਜਪੂਤਾਨੇ ਦੇ ਏਜੰਟ ਗਵਰਨਰ ਜਰਨਲ ਸਰ ਆਰਥਰ ਮਾਰਟੀਡੇਲ ਨੇ, ਬੀਕਾਨੇਰ ਆ ਕੇ, ਅੰਗ੍ਰੇਜ਼ ਸਰਕਾਰ ਵੱਲੋਂ ਮਹਾਰਾਜੇ ਨੂੰ ਸਾਰੇ ਅਧਿਕਾਰ ਸੌਂਪ ਦਿੱਤੇ।

ਉਸੇ ਦਿਨ ਮਹਾਰਾਜੇ ਨੇ ਆਪਣੇ ਸਰਦਾਰਾਂ ਤੇ ਅਧਿਕਾਰੀਆਂ ਦਾ ਦਰਬਾਰ ਬੁਲਾਇਆ, ਤੇ ਆਪਣੇ ਪਹਿਲੇ ਭਾਸ਼ਨ ਵਿੱਚ ਹੀ ਆਪਣੀ ਰਾਜ ਕਰਨ ਦੀ ਨੀਤੀ ਬੜੇ ਭਾਵਪੂਰਨ ਸ਼ਬਦਾਂ ’ਚ ਦਰਸਾਈ ਕਿ ਉਸ ਨੂੰ ਪਤਾ ਹੈ ਕਿ ਰੀਜੈਂਸੀ ਕੌਂਸਲ ਦੇ ਦੋ ਧੜੇ ਹਨ। ਧੜੇਬੰਦੀ ਰਾਜ ਵਾਸਤੇ ਚੰਗੀ ਨਹੀਂ। ਉਸ ਦੀ ਨਾਬਾਲਗੀ ਦੇ ਸਮੇਂ ’ਚ ਭਾਵੇਂ ਕੁਝ ਵੀ ਹੁੰਦਾ ਰਿਹਾ ਹੈ, ਪਰ ਹੁਣ ਧੜੇਬੰਦੀ ਨਹੀਂ ਹੋਣੀ ਚਾਹੀਦੀ । ਉਸ ਲਈ ਸਾਰੇ ਬਰਾਬਰ ਹਨ। ਉਹ ਰਿਸ਼ਵਤਖੋਰੀ ਤੇ ਚਮਚਾਗਿਰੀ ਦੇ ਸਖਤ ਵਿਰੁੱਧ ਹੈ। ਜਿਸ ਕਿਸੇ ਨੂੰ ਵੀ ਕੋਈ ਸ਼ਿਕਾਇਤ ਜਾਂ ਕੰਮ ਹੋਵੇ ਉਹ ਸਿੱਧਾ ਉਸ ਨੂੰ ਹੀ ਆਖੇ ਕਿਸੇ ਬਿਚੋਲੇ ਦੀ ਲੋੜ ਨਹੀਂ। ਉਸ ਪਿੱਛੋਂ ਉਸ ਨੇ ਰੀਜੈਂਸੀ ਕੌਂਸਲ ਨੂੰ ਫੇਰ ਰਾਜ ਕੌਂਸਲ ਬਣਾ ਦਿਤਾ ਸੀ।

ਮਹਾਰਾਜਾ ਗੰਗਾ ਸਿੰਘ ਭਗਤ ਸੀ। ਉਹ ਰੱਬ ਤੋਂ ਡਰਨ ਵਾਲਾ ਤੇ ਸਨਾਤਨ ਧਰਮ ਨੂੰ ਮੰਨਣ ਵਾਲਾ ਸੀ, ਦੂਜੇ ਧਰਮਾਂ ਵਾਸਤੇ ਉਹਦੇ ਮਨ ਵਿੱਚ ਈਰਖਾ ਜਾਂ ਦਵੈਤ ਨਹੀਂ ਸੀ। ਉਹ ਸਾਰੇ ਧਰਮਾਂ ਦਾ ਆਦਰ ਕਰਦਾ ਸੀ। ਜਦੋਂ ਉਸ ਨੇ ਗੰਗ ਨਹਿਰ ਲਿਆਂਦੀ ਸੀ ਤਾਂ ਉਹਦੇ ਪਾਣੀ ਨਾਲ ਸਿੰਜੀ ਜਾਣ ਵਾਲੀ ਬਹੁਤੀ ਧਰਤੀ ਪੰਜਾਬ ਦੇ ਸਿੱਖ ਕਾਸ਼ਤਕਾਰਾਂ ਨੂੰ ਅਲਾਟ ਕੀਤੀ ਸੀ। ਸਿੱਖ ਕਾਸ਼ਤਕਾਰਾਂ ਨੂੰ ਅਲਾਟ ਕੀਤੇ ਹਰ ਚੱਕ ਵਿੱਚ ਪੰਜ ਵਿੱਘੇ (ਲਗਭਗ ਸਵਾ ਹੈਕਟਰ) ਜ਼ਮੀਨ ਉਸ ਨੇ ਗੁਰਦੁਆਰੇ ਵਾਸਤੇ ਮੁਫ਼ਤ ਦਿੱਤੀ ਸੀ।

ਉਸ ਦੇ, ਲਗਭਗ ਪੰਜਾਹ ਸਾਲਾ ਸ਼ਾਸਨ ਵਿੱਚ, ਰਿਆਸਤ 'ਚ ਇਕ ਵੀ ਧਾਰਮਕ ਜਾਂ ਜਾਤੀ ਦੰਗਾ ਨਹੀਂ ਹੋਇਆ। ਸੱਤਾ ਸੰਭਾਲਦਿਆਂ ਹੀ ਉਸ ਨੇ ਆਪਣੀ ਭਾਵੀ ਨੀਤੀ ਸਪੱਸ਼ਟ ਕਰ ਦਿੱਤੀ ਸੀ। ਉਹ ਪ੍ਰਜਾ ਵਾਸਤੇ ਸ਼ਾਂਤੀ ਤੇ ਇਨਸਾਫ਼ ਚਾਹੁੰਦਾ ਸੀ।

ਉਹ ਦਾਤਾ ਸੀ। ਸੱਤਾ ਸੰਭਾਲਿਆਂ ਉਸ ਨੂੰ ਬਹੁਤਾ ਸਮਾਂ ਨਹੀਂ ਸੀ ਹੋਇਆ ਕਿ ਰਿਆਸਤ ਵਿੱਚ ਕਾਲ ਪੈ ਗਿਆ ਤੇ ਹੈਜ਼ਾ ਰੋਗ ਫੈਲ ਗਿਆ, ਪਰਜਾ ਅੰਨ, ਪਾਣੀ ਅਤੇ ਦਵਾ-ਦਾਰੂ ਵੱਲੋਂ ਬੜੀ ਔਖੀ ਹੋ ਗਈ। ਉਸ ਵੇਲੇ ਉਸ ਨੇ ਆਪਣੀ ਪਰਜਾ ਵਾਸਤੇ ਨਾ ਦਿਨ ਵੇਖਿਆ ਨਾ ਰਾਤ, ਆਪਣੀ ਜ਼ਿੰਦਗੀ ਤੇ ਅਰਾਮ ਦੀ ਵੀ ਪਰਵਾਹ ਨਹੀਂ ਕੀਤੀ। ਹਰ ਥਾਂ ਉਸ ਨੇ ਦਵਾ-ਦਾਰੂ ਤੇ ਅੰਨ ਪਾਣੀ ਪਹੁੰਚਾਇਆ ਅਤੇ ਆਪ ਵੀ ਪੁੱਜਣ ਦੀ ਕੋਸ਼ਿਸ਼ ਕੀਤੀ। ਉਸ ਦੀ ਪਰਜਾ ਨੇ ਤਾਂ ਉਸ ਦੀ ਸਿਫ਼ਤ ਕਰਨੀ ਹੀ ਸੀ, ਹੋਰ ਰਾਜਿਆਂ ਤੇ ਭਾਰਤ ਸਰਕਾਰ ਨੇ ਵੀ ਉਸ ਦੀ ਬਹੁਤ ਸਿਫ਼ਤ ਕੀਤੀ। ਉਹ ਪਰਜਾ ਦੀ ਮਦਦ ਲਈ ਹਰ ਵੇਲੇ ਤਿਆਰ ਰਹਿੰਦਾ ਸੀ। ਪਰਜਾ ਕਦੀ ਮਾਮਲਾ ਭਰਨ ਜਾਂ ਟੈਕਸ ਦੇਣ ਦੀ ਸਥਿਤੀ 'ਚ ਨਾ ਹੁੰਦੀ ਤਾਂ ਉਹ ਟੈਕਸ ਨੂੰ ਮਾਫ਼ ਕਰਦਾ ਤੇ ਹੋਰ ਵੀ ਸਹਾਇਤਾ ਦਿੰਦਾ ਸੀ। 1937 ਈ. ਵਿੱਚ ਉਸ ਨੇ, ਕਿਸਾਨਾਂ ਦਾ 42 ਲੱਖ ਰੁਪਈਆ ਮਾਫ਼ ਕਰ ਦਿੱਤਾ, ਜਿਹੜਾ ਰਾਜ ਨੇ ਅਲਾਟ ਕੀਤੀ ਜ਼ਮੀਨ ਦੀਆਂ ਕਿਸ਼ਤਾਂ ਅਤੇ ਵਿਆਜ਼ ਦੇ ਰੂਪ ਵਿੱਚ ਕਿਸਾਨਾਂ ਤੋਂ ਲੈਣਾ ਸੀ। ਉਸੇ ਸਾਲ ਕਪਾਹ ਦੀ ਫ਼ਸਲ ਖ਼ਰਾਬ ਹੋ ਗਈ ਤਾਂ ਰਾਜੇ ਨੇ ਕਿਸਾਨਾਂ ਨੂੰ ਸਹਾਇਤਾ ਵਜੋਂ ਲੱਖਾਂ ਰੁਪਏ ਵੰਡੇ ਸਨ। ਉਹ ਸਹੀ ਅਰਥਾਂ ਵਿੱਚ ਪਰਜਾ ਦਾ ਪਾਲਣਹਾਰ ਸੀ।

ਪਰਜਾ ਬਾਰੇ ਪੂਰੀ ਤੇ ਸਹੀ ਜਾਣਕਾਰੀ ਲੈਣ ਵਾਸਤੇ ਉਹਨਾਂ ਨੇ 10 ਨਵੰਬਰ 1913 ਨੂੰ ਪਰਜਾ ਪ੍ਰਤਿਨਿਧੀ ਸਭਾ ਦੀ ਸਥਾਪਨਾ ਕੀਤੀ। ਇਸ ਵਿੱਚ ਜਨਤਾ ਦੇ ਚੁਣੇ ਹੋਏ ਪ੍ਰਤਿਨਿਧੀ ਵੀ ਹੁੰਦੇ ਸਨ। ਉਹਨਾਂ ਦੀ ਸਲਾਹ ਨਾਲ ਰਾਜ ਪ੍ਰਬੰਧ ਹੋਰ ਸੁਚਾਰੂ ਰੂਪ ਨਾਲ ਚੱਲਣ ਲੱਗ ਪਿਆ।

1914 ਵਿੱਚ ਵਿਸ਼ਵ ਯੁੱਧ ਸ਼ੁਰੂ ਹੋ ਗਿਆ। ਅੰਗਰੇਜ਼ਾਂ ਦੀ ਉਸ 'ਚ ਸ਼ਾਮਿਲ ਹੋਣ ਦੀ ਸੰਭਾਵਨਾ ਬਣ ਗਈ ਤਾਂ ਮਹਾਰਾਜਾ ਗੰਗਾ ਸਿੰਘ ਨੇ ਸਮਰਾਟ ਜਾਰਜ ਪੰਜਵੇਂ ਨੂੰ ਇੱਕ ਤਾਰ ਭੇਜ ਕੇ ਆਪ ਤੇ ਆਪਣੀ ਸੈਨਾ ਦੇ ਯੁੱਧ 'ਚ ਸ਼ਾਮਿਲ ਹੋਣ ਦੀ ਇੱਛਾ ਜ਼ਾਹਰ ਕੀਤੀ। ਇੱਕ ਤਾਰ ਭਾਰਤ ਦੇ ਵਾਇਸਰਾਏ ਨੂੰ ਘੱਲੀ। ਜਦੋਂ ਮਹਾਰਾਜੇ ਦੀ ਫ਼ੌਜ ਯੁੱਧ 'ਚ ਸ਼ਾਮਲ ਹੋਈ ਤਾਂ ਉਹਨਾਂ ਨੇ ਖ਼ੁਦ ਅਗਲਿਆਂ ਮੋਰਚਿਆਂ 'ਤੇ ਜਾ ਕੇ ਫ਼ੌਜ ਦੀ ਅਗਵਾਈ ਕੀਤੀ। ਫ਼ੌਜ ਨੇ ਜੰਗ ਵਿਚ ਬਹੁਤ ਜ਼ੌਹਰ ਵਿਖਾਏ। ਫ਼ੌਜੀਆਂ ਨੂੰ ਸਰਕਾਰ ਵੱਲੋਂ ਅਨੇਕਾਂ ਖਿਤਾਬ ਦਿੱਤੇ ਗਏ, ਰਿਆਸਤ ਨੂੰ ਜਿੱਤਿਆ ਹੋਇਆ ਸਮਾਨ ਉਪਹਾਰ ਦੇ ਤੌਰ ਤੇ ਦਿੱਤਾ ਗਿਆ। ਜਿਸ ਵਿੱਚ ਦੋ ਜੰਗੀ ਹਵਾਈ ਜ਼ਹਾਜ਼ ਵੀ ਸਨ।

ਆਪਣੀ ਜ਼ਿੰਦਗੀ ਦੇ ਆਖਰੀ ਸਾਲਾਂ ਵਿੱਚ ਜਦੋਂ ਮਹਾਰਾਜਾ ਇਕ ਦਿਨ ਉਦੇਪੁਰ ਦੇ ਜੰਗਲਾਂ ਵਿੱਚ ਸ਼ਿਕਾਰ ਖੇਡਣ ਗਿਆ ਤਾਂ ਇਕ ਪਹਾੜੀ 'ਤੇ ਬੈਠੇ ਹੋਏ ਉਸਦੀ ਨਿਗ੍ਹਾ ਸਾਹਮਣੇ ਸ਼ਿਕਾਰ ਵੱਲ ਸੀ ਕਿ ਅਚਾਨਕ ਪਿੱਛੇ ਵੇਖਿਆ ਤਾਂ ਇਕ ਸ਼ੇਰ ਹਮਲਾ ਕਰਨ ਲਈ ਤਿਆਰ ਸੀ। ਮਹਾਰਾਜਾ ਬਿਲਕੁਲ ਹੀ ਨਾ

ਘਬਰਾਇਆ ਸਗੋਂ ਫੁਰਤੀ ਨਾਲ ਘੁੰਮ ਕੇ ਉਸ ਨੇ ਸ਼ੇਰ ਤੇ ਬੰਦੂਕ ਦੀ ਗੋਲੀ ਚਲਾਈ ਤੇ ਉਸ ਨੂੰ ਮਾਰ ਦਿੱਤਾ। ਸ਼ੇਰ ਉਦੋਂ ਸਿਰਫ਼ ਬਾਈ ਫੁੱਟ ਦੀ ਦੂਰੀ 'ਤੇ ਸੀ। ਇਹਨਾਂ ਗੱਲਾਂ ਤੋਂ ਉਹਨਾਂ ਦੀ ਸੂਰਬੀਰਤਾ ਅਤੇ ਯੁੱਧ ਕਲਾ ਦਾ ਪ੍ਰਮਾਣ ਮਿਲਦਾ।

ਆਵਾਜਾਈ ਲਈ ਸੜਕਾਂ ਬਣਵਾਈਆਂ ਤੇ ਰੇਲਵੇ ਵਿੱਚ ਵਾਧਾ ਕੀਤਾ। ਰੇਲਵੇ ਨਾਲ ਪਰਜਾ ਅਤੇ ਵਪਾਰੀਆਂ ਨੂੰ ਸਹੂਲਤ ਹੋਈ ਤੇ ਰਾਜ ਦੀ ਆਮਦਨ ਵਿੱਚ ਵੀ ਵਾਧਾ ਹੋਇਆ। ਪਹਿਲਾਂ ਰੇਲਵੇ ਜੋਧਪੁਰ ਰਿਆਸਤ ਨਾਲ ਸਾਂਝੀ ਸੀ, ਪਰ 1924 ਈ. ਵਿੱਚ ਵੰਡ ਕੇ ਵੱਖ ਕਰ ਲਈ ਗਈ ਤੇ ਸਾਰੇ ਦਫ਼ਤਰ ਬੀਕਾਨੇਰ ਬਣਾ ਲਏ ਗਏ। ਇਸ ਤਰ੍ਹਾਂ ਸਾਰਾ ਪ੍ਰਬੰਧ ਤੇ ਹਿਸਾਬ ਵੇਖਣਾ ਸੌਖਾ ਹੋ ਗਿਆ। ਅਗਲੇ ਸਾਲ ਉਸ ਨੇ ਬੀਕਾਨੇਰ 'ਚ ਰੇਲਵੇ ਕਾਰਖ਼ਾਨੇ ਦੀ ਨੀਂਹ ਰੱਖੀ, ਜਿਸ ਨਾਲ ਪਰਜਾ ਨੂੰ ਰੁਜ਼ਗਾਰ ਮਿਲਿਆ। ਮਹਾਰਾਜਾ ਗੰਗਾ ਸਿੰਘ ਦੇ ਸਮੇਂ ਰੇਲਵੇ ਲਾਈਨ ਦੀ ਲੰਬਾਈ ਲਗਭਗ 800 ਕਿਲੋਮੀਟਰ ਹੋ ਗਈ, ਜਿਹੜੀ ਕਿ ਪਹਿਲਾਂ 80 ਕਿਲੋਮੀਟਰ ਤੋਂ ਵੀ ਘੱਟ ਸੀ।

ਰਿਆਸਤ ਵਿੱਚ ਖੇਤੀ ਕੁਦਰਤ 'ਤੇ ਹੀ ਨਿਰਭਰ ਸੀ, ਜਿਸ ਨਾਲ ਅਕਾਲ ਪੈਣ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਸੀ। ਮਹਾਰਾਜੇ ਨੇ ਇਸ ਤੋਂ ਛੁਟਕਾਰਾ ਪਾਉਣ ਲਈ ਭਾਰਤ ਸਰਕਾਰ ਨਾਲ ਨਹਿਰ ਦੀ ਮੰਜ਼ੂਰੀ ਲਈ ਲਿਖਤ-ਪੜ੍ਹਤ ਕੀਤੀ, ਸਿੱਟੇ ਵਜੋਂ 4 ਸਤੰਬਰ 1920 ਈ. ਨੂੰ ਨਹਿਰ ਬਣਾਉਣ ਦੀ ਮੰਜ਼ੂਰੀ ਮਿਲ ਗਈ। ਇਹ ਨਹਿਰ ਸਤਲੁਜ ਦਰਿਆ 'ਚੋਂ, ਹਰੀ ਕੇ ਪੱਤਣ ਤੋਂ ਕੱਢ ਕੇ ਬੀਕਾਨੇਰ ਰਾਜ ਵਿੱਚ ਆਉਣੀ ਸੀ। ਨਹਿਰ ਬਨਣ ਤੇ ਇਸ ਦਾ ਨਾਂ ਗੰਗ ਨਹਿਰ ਰੱਖਿਆ ਗਿਆ। ਨਹਿਰ ਬਣਾਉਣ ਤੋਂ ਪਹਿਲਾਂ ਮਹਾਰਾਜੇ ਨੇ ਸਾਰੇ ਲਾਭ-ਹਾਨੀ ਦਾ ਹਿਸਾਬ ਵੀ ਲਾਇਆ ਸੀ। ਨਹਿਰ ਨਾਲ ਰਿਆਸਤ ਦੀ ਲਗਭਗ 75 ਲੱਖ ਰੁਪਏ ਦੀ ਆਮਦਨ ਵਧਣ ਦੀ ਸੰਭਾਵਨਾ ਸੀ, ਜੋ ਕਿ ਇਕ ਵੱਡੀ ਪ੍ਰਾਪਤੀ ਸੀ।

ਇਸ ਨਹਿਰ ਦਾ ਨੀਂਹ ਪੱਥਰ ਮਹਾਰਾਜੇ ਨੇ 5 ਦਸੰਬਰ 1925 ਈਸਵੀ ਨੂੰ ਰੱਖਿਆ, ਪਰ ਇਸ ਨੂੰ ਬਣਾਉਣ ਦੀ ਤਿਆਰੀ ਕਰਨ 'ਤੇ ਲਗਭਗ ਪੰਜ ਸਾਲ ਲੱਗ ਗਏ ਸਨ। ਇਸ ਨਹਿਰ ਨੂੰ ਬਣਾਉਣ ਤੋਂ ਪਹਿਲਾਂ ਸਿੰਜੇ ਜਾਣ ਵਾਲੇ ਰਕਬੇ ਦੀ ਮਿਣਤੀ ਕਰ ਕੇ, ਉਸ ਦਾ ਲੇਬਲ ਕੱਢ ਕੇ, ਮੁਰੱਬੇ ਬੰਦੀ ਕਰ ਕੇ, ਨਹਿਰਾਂ, ਸੂਏ, ਕੱਸੀਆਂ ਬਨਾਉਣ ਤੇ ਮੋਘੇ ਲਾਉਣ ਦੀ ਸਾਰੀ ਵਿਉਂਤ ਬੰਦੀ ਕੀਤੀ ਗਈ ਤੇ ਫੇਰ ਰਕਬਾ ਕਿਸਾਨਾਂ ਨੂੰ ਦਿੱਤਾ ਗਿਆ ਤੇ ਪਾਣੀ ਦੀ ਕੀਮਤ, ਭਾਵ ਨਹਿਰ 'ਤੇ ਹੋਇਆ ਖਰਚ ਕਿਸਾਨਾਂ ਤੋਂ ਸੌਖੀਆਂ ਕਿਸ਼ਤਾਂ ਰਾਹੀਂ ਵਸੂਲਿਆ ਗਿਆ।

ਇਸ ਨਹਿਰ ਦੇ ਬਣਾਉਣ 'ਤੇ ਲੱਗਿਆ ਸਾਰਾ ਸਮਾਨ ਉਸ ਦੀ ਰਿਆਸਤ ਚੋਂ ਲਿਆ ਗਿਆ ਸੀ। ਉਸ ਦੀ ਢੋਆ-ਢੁਆਈ ਲਈ ਇਕ ਗੱਡੀ ਦੀ ਲੀਹ ਆਰਜ਼ੀ ਤੌਰ ਤੇ ਬਣਾਈ ਗਈ ਸੀ, ਜੋ ਮਗਰੋਂ ਉਖਾੜ ਲਈ ਗਈ। ਇਹ ਨਹਿਰ ਦੋ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਤਿਆਰ ਹੋ ਗਈ। 26 ਅਕਤੂਬਰ 1927 ਈ. ਨੂੰ ਲਾਰਡ ਇਰਵਿਨ ਨੇ ਇਸ ਦਾ ਉਦਘਾਟਨ ਕੀਤਾ। 1927-28 ਈ. ਵਾਲੀ ਹਾੜ੍ਹੀ ਦੀ ਫ਼ਸਲ ਇਸ ਨਹਿਰ ਦੇ ਪਾਣੀ ਨਾਲ ਬੀਜੀ ਗਈ ਸੀ।

ਇਸ ਇਲਾਕੇ ਲਈ ਇਹ ਨਹਿਰ ਮਹਾਰਾਜੇ ਦੀ ਇਕ ਬਹੁਤ ਵੱਡੀ ਦੇਣ ਹੈ। ਇਸ ਨਾਲ ਇਲਾਕੇ ਵਿੱਚ ਏਨਾ ਅਨਾਜ ਪੈਦਾ ਹੋਣ ਲੱਗ ਪਿਆ ਕਿ ਰਿਆਸਤ ਵਿੱਚ ਕਦੀ ਵੀ ਕਾਲ ਦੀ ਸਥਿਤੀ ਨਹੀਂ ਬਣੀ।

ਮਹਾਰਾਜਾ ਇਕ ਯੋਗ ਤੇ ਸਿਆਣਾ ਰਾਜਨੀਤੀਵਾਨ ਸੀ। ਉਸ ਨੂੰ ਅੰਗ੍ਰੇਜ਼ੀ ਤੇ ਹਿੰਦੀ ਬੋਲਣ ਦਾ ਚੰਗਾ ਅਭਿਆਸ ਸੀ। ਉਸ ਦੇ ਬੋਲ ਸਰੋਤਿਆਂ ਤੇ ਚੰਗਾ ਪ੍ਰਭਾਵ ਪਾਉਂਦੇ ਸਨ। ਸੱਤਾ ਸੰਭਾਲਣ ਸਮੇਂ ਅਠਾਰਾਂ ਸਾਲ ਦੀ ਉਮਰ ਵਿੱਚ ਉਹਨਾਂ ਨੇ ਸਰਦਾਰਾਂ ਤੇ ਕਰਮਚਾਰੀਆਂ ਨੂੰ ਪ੍ਰਭਾਵਸ਼ਾਲੀ ਤਕਰੀਰ ਰਾਹੀਂ

ਸੰਬੋਧਨ ਕੀਤਾ। ਜਦੋਂ ਉਸ ਨੇ ਆਪਣੇ ਲੜਕਿਆਂ ਨੂੰ ਰਾਜ ਕਰਨ ਬਾਬਤ ਸਮਝਾਇਆ ਤਾਂ ਉਸ ਨੇ ਕਮਾਲ ਦੀਆਂ ਸਮਝਾਉਣੀਆਂ ਦਿੱਤੀਆਂ ਸਨ। ਉਸ ਨੇ ਇਸ ਤਰ੍ਹਾਂ ਸ਼ੁਰੂ ਕੀਤਾ ਸੀ,"ਜੇ ਮੈਨੂੰ ਆਪਣਾ ਉਪਦੇਸ਼ ਇਕ ਵਾਕ ਵਿੱਚ ਆਖਣਾ ਪਵੇ ਤਾਂ ਮੈ ਤੁਹਾਨੂੰ ਜਾਂ ਹੋਰ ਕਿਸੇ ਵੀ ਆਦਮੀ ਨੂੰ ਜਿਸ ਨੇ ਹੁਕਮਰਾਨ ਬਨਣਾ ਹੋਵੇ, ਆਖਾਂਗਾ ਕਿ ਹੁਕਮਰਾਨ-ਪ੍ਰਮਾਤਮਾ, ਰਾਜ, ਪਰਜਾ ਤੇ ਆਪਣੇ ਪ੍ਰਤੀ ਸਦਾ ਸੱਚਾ ਰਹੇ।"

ਵਸ਼ਵ ਯੁੱਧ ਦੀ ਸਮਾਪਤੀ ਵੇਲੇ ਸਾਰੇ ਦੇਸ਼ਾਂ ਦੇ ਸੰਧੀ ਸੰਮੇਲਨ ਵਿੱਚ ਮਹਾਰਾਜਾ ਭਾਰਤੀ ਪ੍ਰਤੀਨਿਧੀ ਦੇ ਤੌਰ 'ਤੇ ਸ਼ਾਮਿਲ ਹੋਇਆ ਤੇ ਲਗਭਗ 7 ਮਹੀਨੇ ਇੰਗਲੈਂਡ 'ਚ ਰਹਿ ਕੇ ਸੰਧੀ ਸੰਬੰਧੀ ਕੰਮਾਂ ਤੇ ਮੀਟਿੰਗਾਂ 'ਚ ਹਿੱਸਾ ਲੈਂਦਾ ਰਿਹਾ। ਜਦੋਂ ਉਹ ਭਾਰਤ ਵਾਪਸ ਆਉਣ ਲੱਗਿਆ ਸੀ ਤਾਂ ਪ੍ਰਧਾਨ ਮੰਤਰੀ ਰਾਈਟ ਆਨਰੇਬਲ ਡੀ. ਲਾਇਡ ਜਾਰਜ ਨੇ ਉਹਨਾਂ ਨੂੰ ਲਿਖਿਆ ਸੀ,"...........ਆਪ ਨੇ ਭਾਰਤ ਸਾਮਰਾਜ ਦੇ ਹਿੱਤਾਂ ਦਾ ਪੂਰਾ-ਪੂਰਾ ਧਿਆਨ ਰੱਖਿਆ ਹੈ, ਤੁਸੀਂ ਇਹ ਜਾਣ ਕੇ ਸੰਤੋਸ਼ ਨਾਲ ਵਿਦਾ ਹੋ ਸਕਦੇ ਹੋ ਕਿ ਤੁਹਾਡੇ ਨਾਲ ਕੰਮ ਕਰਨ ਵਾਲਿਆਂ ਨੇ ਤੁਹਾਡੇ ਕੰਮਾਂ ਦੀ ਬਹੁਤ ਪ੍ਰਸ਼ੰਸ਼ਾ ਕੀਤੀ ਹੈ........।"

ਉਸ ਪਿੱਛੋਂ ਜਦੋਂ ਭਾਰਤ 'ਚ ਅੰਗ੍ਰੇਜ਼ਾਂ ਦੇ ਵਿਰੁੱਧ ਅਸਹਿਯੋਗ ਅੰਦੋਲਨ ਸ਼ੁਰੂ ਹੋਇਆ ਤੇ ਕਾਂਗਰਸ ਨੇ ਸੰਪੂਰਨ ਸਵਰਾਜ ਦਾ ਮਤਾ ਪਾਸ ਕੀਤਾ ਤਾਂ ਭਾਰਤ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਅੰਗ੍ਰੇਜ਼ਾਂ ਨੇ ਲੰਡਨ 'ਚ ਗੋਲਮੇਜ਼ ਕਾਨਫ਼ਰੰਸ ਬੁਲਾਈ। ਮਹਾਰਾਜਾ ਉਸ 'ਚ ਭਾਰਤੀ ਰਾਜਿਆਂ ਦੇ ਪ੍ਰਤਿਨਿਧ ਵਜੋਂ ਸ਼ਾਮਿਲ ਹੋਇਆ। ਉਹ ਆਪਣੀ ਰਾਏ, ਆਪਣੇ ਭਾਸ਼ਨਾਂ ਰਾਹੀਂ, ਬਿਨਾਂ ਕਿਸੇ ਡਰ ਤੋਂ ਪੇਸ਼ ਕਰਦਾ ਰਿਹਾ। ਉਸ ਨੇ 12 ਨਵੰਬਰ 1930 ਈ. ਤੋ 20 ਜਨਵਰੀ 1931 ਈ. ਤੱਕ ਸਾਰੀਆਂ ਬੈਠਕਾਂ ਵਿੱਚ ਹਿੱਸਾ ਲਿਆ। ਹੋਰਾਂ ਤੋਂ ਬਿਨਾਂ ਲਾਰਡ ਇਰਵਿਨ ਨੇ ਵੀ ਉਸ ਦੇ ਭਾਸ਼ਨਾਂ ਦੀ ਪ੍ਰਸ਼ੰਸ਼ਾ ਕੀਤੀ। ਭਾਸ਼ਨਾਂ 'ਚ ਉਸ ਨੇ ਦੱਸਿਆ ਸੀ ਕਿ ਅੰਗ੍ਰੇਜ਼ੀ ਸਰਕਾਰ ਦਾ ਭਾਰਤੀ ਰਾਜਿਆਂ ਨਾਲ ਸੰਬੰਧ ਕਿਹੋ ਜਿਹਾ ਹੋਵੇ ? ਭਾਰਤੀ ਪਰਜਾ ਦੀਆਂ ਸੱਮਸਿਆਵਾਂ ਕੀ ਹਨ ?

ਉਹ ਭਾਰਤੀ ਰਾਜਿਆਂ ਦੇ ਪ੍ਰਤੀਨਿਧੀ ਦੇ ਤੌਰ 'ਤੇ ਦੂਜੀ ਗੋਲ ਮੇਜ਼ ਕਾਨਫ਼ਰੰਸ 'ਚ ਵੀ ਗਿਆ ਪਰ ਬੀਮਾਰ ਹੋ ਜਾਣ ਕਰ ਕੇ ਵਿਚਾਲਿਓਂ ਹੀ ਵਾਪਸ ਆਉਣਾ ਪਿਆ।

ਮਹਾਰਾਜੇ ਨੂੰ ਵਿੱਦਿਆ ਨਾਲ ਵੀ ਬੜਾ ਮੋਹ ਸੀ। ਰਾਜ ਵਿੱਚ ਪੰਜਵੀਂ ਤਕ ਵਿੱਦਿਆ ਮੁਫ਼ਤ ਸੀ। ਉਹਨਾਂ ਨੇ ਆਪਣੇ ਰਾਜ ਵਿੱਚ ਅਨੇਕਾਂ ਸਕੂਲ ਤੇ ਕਾਲਜ ਖੋਲ੍ਹੇ ਸਨ।

ਉਹ ਆਪਣੇ ਵਡੇਰਿਆਂ ਦੀ ਵੀ ਕਦਰ ਕਰਦਾ ਸੀ। ਉਹਨਾਂ ਨੇ ਜੋ ਵੀ ਨਵੇਂ ਸ਼ਹਿਰ ਜਾਂ ਨਗਰ ਵਸਾਏ, ਉਹਨਾਂ ਦੇ ਨਾਂ ਆਪਣੇ ਵਡੇਰਿਆ ਦੇ ਨਾਵਾਂ 'ਤੇ ਰੱਖੇ।

ਬਾਕੀ ਰਾਜ ਘਰਾਣਿਆਂ ਨਾਲ ਵੀ ਉਸ ਦੇ ਸੰਬੰਧ ਬੜੇ ਵਧੀਆ ਸਨ। ਉਹ ਸ਼ਾਂਤੀ ਪਸੰਦ ਸਨ। ਉਹਨਾਂ ਨੇ ਪਟਿਆਲਾ ਤੇ ਭਰਤਪੁਰ ਰਾਜ ਘਰਾਣਿਆਂ ਦਾ ਰਾਜੀਨਾਵਾਂ ਵੀ ਕਰਵਾਇਆ ਸੀ।

ਮਹਾਰਾਜੇ ਨੇ ਆਪਣੇ ਰਾਜ ਵਿੱਚ ਅਨੇਕਾਂ ਦਰਸ਼ਨੀ ਇਮਾਰਤਾਂ ਬਣਵਾਈਆਂ; ਰਾਜ ਵਿੱਚ ਹਰ ਪਾਸੇ ਉੱਨਤੀ ਹੋਈ; ਉਹਨਾਂ ਨੇ ਪਰਜਾ ਦੇ ਭਲੇ ਲਈ, ਆਪਣੇ ਰਾਜ ਸਮੇਂ ਅਨੇਕਾਂ ਕੰਮ ਕੀਤੇ। ਉਹ ਰਾਜ ਦੀ ਉੱਨਤੀ ਨੂੰ ਹੀ ਆਪਣੇ ਜੀਵਨ ਦਾ ਨਿਸ਼ਾਨਾ ਮੰਨਦੇ ਸਨ।

ਉਸ ਦਾ ਰੰਗ ਭਾਵੇਂ ਗੋਰਾ ਨਹੀਂ ਸੀ, ਪਰ ਆਪਣੇ ਲੰਮੇ ਕੱਦ ਕਰ ਕੇ ਉਹ ਇਕ ਦਰਸ਼ਨੀ ਜੁਆਨ ਸੀ। ਉਮਰ ਦੇ ਆਖਰੀ ਸਾਲਾਂ ਵਿੱਚ ਵੀ ਉਹ ਬੁੱਢਾ ਨਹੀਂ, ਜੁਆਨ ਹੀ ਲੱਗਦਾ ਸੀ। ਉਸ 'ਚ ਲੋਹੜੇ ਦੀ ਫ਼ੁਰਤੀ ਸੀ।

ਜਨਰਲ ਮਹਾਰਾਜਧਿਰਾਜ, ਰਾਜ ਰਾਜੇਸ਼ਵਰ, ਨਰਿੰਦਰ ਸ਼੍ਰੋਮਣੀ, ਮਹਾਰਾਜ ਸ਼੍ਰੀ ਸਰ ਗੰਗਾ ਸਿੰਘ ਬਹਾਦਰ, ਜੀ. ਸੀ. ਐਸ. ਆਈ., ਜੀ. ਸੀ. ਵੀ. ਓ., ਜੀ. ਬੀ. ਈ., ਕੇ. ਸੀ. ਬੀ., ਏ. ਡੀ. ਸੀ., (ਸ਼੍ਰੀ ਮਾਨ ਸਮਰਾਟ ਦੇ), ਡੀ. ਸੀ. ਐੱਲ. (ਆਕਸਫ਼ੋਰਡ) ਵਰਗੀਆਂ ਉਪਾਧੀਆਂ ਨਾਲ ਸਨਮਾਨੇ ਜਾਣ ਵਾਲੇ ਬੀਕਾਨੇਰ ਰਿਆਸਤ ਦੇ ਇਸ ਮਹਾਰਾਜੇ ਨੇ ਆਪਣਾ ਆਖ਼ਰੀ ਸਾਹ 2 ਅਕਤੂਬਰ 1943 ਈ. ਨੂੰ ਬੰਬਈ (ਮੁੰਬਈ) 'ਚ ਲਿਆ।

ਪਰਜਾ ਲਈ ਉਹਨਾਂ ਦੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

## ਅਭਿਆਸ-ਪ੍ਰਸ਼ਨ

1. ਮਹਾਰਾਜਾ ਗੰਗਾ ਸਿੰਘ ਦੇ ਜਨਮ ਅਤੇ ਬਚਪਨ ਬਾਰੇ ਦੱਸੋ।
2. ਮਹਾਰਾਜਾ ਗੰਗਾ ਸਿੰਘ ਨੂੰ ਮਿਲੀਆਂ ਪੰਜ ਉਪਾਧੀਆਂ ਦੇ ਨਾਂ ਲਿਖੋ।
3. ਮਹਾਰਾਜਾ ਗੰਗਾ ਸਿੰਘ ਦੀ ਪਰਜਾ ਬਾਰੇ ਕੀ ਨੀਤੀ ਸੀ ? ਵਰਨਣ ਕਰੋ।
4. ਗੰਗ ਨਹਿਰ ਉੱਪਰ ਸੰਖੇਪ ਟਿੱਪਣੀ ਦਿਓ।
5. ਗੋਲਮੇਜ਼ ਸੰਮੇਲਨ ਵਿੱਚ ਮਹਾਰਾਜਾ ਗੰਗਾ ਸਿੰਘ ਦੀ ਕੀ ਭੂਮਿਕਾ ਰਹੀ ?
6. ਮਹਾਰਾਜਾ ਗੰਗਾ ਸਿੰਘ ਦੇ ਰਾਜ ਸਮੇਂ ਆਵਾਜਾਈ ਦੇ ਸਾਧਨਾਂ ਦੀ ਕੀ ਸਥਿਤੀ ਸੀ ?
7. ਮਹਾਰਾਜਾ ਗੰਗਾ ਸਿੰਘ ਰਾਜਗੱਦੀ ਉੱਪਰ ਕਦੋਂ ਬੈਠਾ ? ਤੇ ਉਸ ਦੀ ਮੌਤ ਕਦੋਂ ਹੋਈ ?

# ਬਲਜਿੰਦਰ ਸਿੰਘ ਭੁੱਲਰ

ਬਲਜਿੰਦਰ ਸਿੰਘ ਭੁੱਲਰ ਪਿਛਲੇ ਤੀਹ ਸਾਲਾਂ ਤੋਂ ਬਤੌਰ ਪੰਜਵੀਂ ਪ੍ਰਾਧਿਆਪਕ ਡੀ. ਏ. ਵੀ. ਕਾਲਜ ਅਬੋਹਰ ਵਿਖੇ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। ਬਲਜਿੰਦਰ ਸਿੰਘ ਭੁੱਲਰ ਦੀ ਨਾਟ ਵਿਧਾ ਉੱਪਰ ਵਿਸ਼ੇਸ਼ ਪਕੜ ਹੈ। ਵਿਦਿਆਰਥੀ ਜੀਵਨ ਤੋਂ ਲੈ ਕੇ ਵਰਤਮਾਨ ਸਮੇਂ ਤੱਕ ਪੰਜਾਬ ਦੇ ਲੋਕ ਨਾਚਾਂ ਨਾਲ ਜੁੜੇ ਹੋਏ ਹਨ। ਆਪ ਦੇ ਸਭਿਆਚਾਰ ਅਤੇ ਕਲਾ ਨਾਲ ਜੁੜੇ ਹੋਏ ਅਨੇਕਾਂ ਖੋਜ ਨਿਬੰਧ ਛਪ ਚੁੱਕੇ ਹਨ।

ਬਲਜਿੰਦਰ ਸਿੰਘ ਭੁੱਲਰ ਦਾ ਜਨਮ 21 ਮਾਰਚ 1962 ਈ. ਨੂੰ ਪਿੰਡ ਕੰਧਵਾਲਾ ਹਾਜ਼ਰ ਖਾਂ (ਫਾਜ਼ਿਲਕਾ) ਵਿੱਚ ਮਾਤਾ ਬਸੰਤ ਕੌਰ ਅਤੇ ਪਿਤਾ ਜਰਨੈਲ ਸਿੰਘ ਦੇ ਘਰ ਹੋਇਆ। ਬਲਜਿੰਦਰ ਸਿੰਘ ਭੁੱਲਰ ਨੇ ਐਮ.ਏ. ਪੰਜਾਬੀ ਉਪਰੰਤ ਪੰਜਾਬ ਯੂਨੀਵਰਸਿਟੀ ਤੋਂ ਪ੍ਰਸਿੱਧ ਨਾਟਕਕਾਰ ਆਈ.ਸੀ. ਨੰਦਾ ਉਪਰ ਐਮ.ਫਿੱਲ. ਦੀ ਡਿਗਰੀ ਹਾਸਿਲ ਕੀਤੀ। ਭੁਲੱਰ ਨੇ ਕਲਕੱਤਾ ਵਿਖੇ ਅੰਤਰਰਾਸ਼ਟਰੀ ਲੋਕ ਮੇਲੇ ਵਿੱਚ ਸ਼ਮੂਲੀਅਤ ਤੋਂ ਇਲਾਵਾ ਪ੍ਰਸਿੱਧ ਪੰਜਾਬੀ ਫ਼ਿਲਮ ਪੁੱਤ ਜੱਟਾਂ ਦੇ ਵਿੱਚ ਬਤੌਰ ਭੰਗੜਾ ਕਲਾਕਾਰ ਹਿੱਸਾ ਲਿਆ। ਸਾਹਿਤਕ-ਸਭਿਆਚਾਰਕ ਯੋਗਦਾਨ ਸਦਕਾ ਆਪ ਨੂੰ ਅਨੇਕਾਂ ਸਭਾਵਾਂ ਵੱਲੋ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਪੰਜਾਬ ਵਿੱਚ ਵਸੇ ਹੋਣ ਦੇ ਬਾਵਜੂਦ ਵੀ ਉਹਨਾਂ ਦਾ ਰਾਜਸਥਾਨ ਦੇ ਕਿਲ੍ਹਿਆਂ ਸੰਬੰਧੀ ਨਿਬੰਧ ਉਹਨਾਂ ਦੀਆਂ ਕਲਾ ਰੁਚੀਆਂ ਦਾ ਪੁਖਤਾ ਪ੍ਰਮਾਣ ਹੈ। ਕਿਲ੍ਹਿਆਂ ਦੇ ਇਤਿਹਾਸਕ ਸਭਿਆਚਾਰਕ ਪੱਖ ਨੂੰ ਜਾਨਣ ਲਈ ਇਹ ਲੇਖ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰੇਗਾ।

# ਰਾਜਸਥਾਨ ਦੇ ਪ੍ਰਸਿੱਧ ਕਿਲ੍ਹੇ

ਰਾਜਸਥਾਨ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਖ-ਵੱਖ ਰਾਜ ਪਰਿਵਾਰ ਰਾਜ ਕਰਦੇ ਸਨ। ਜਿਹੜੇ ਆਪਣੇ ਰਾਜ ਨੂੰ ਦੁਸ਼ਮਣ ਰਾਜਿਆਂ ਤੋ ਸੁਰੱਖਿਅਤ ਰੱਖਣ ਲਈ ਕਈ ਢੰਗ ਵਰਤਦੇ ਸਨ। ਇਹਨਾਂ ਵਿੱਚੋ ਕਿਲ੍ਹਿਆਂ ਦਾ ਨਿਰਮਾਣ ਸੁਰੱਖਿਆ ਦਾ ਸਭ ਤੋਂ ਵਧੀਆ ਸਾਧਨ ਸੀ। ਕਿਲ੍ਹੇ ਜਿੱਥੇ ਇਕ ਪਾਸੇ ਰਾਜ ਦੀ ਸੁਰੱਖਿਆ ਦਾ ਪ੍ਰਤੀਕ ਸਨ, ਉੱਥੇ ਦੂਜੇ ਪਾਸੇ ਇਹ ਸ਼ਾਸ਼ਕ ਦੀ ਸ਼ਕਤੀ, ਆਰਥਕ ਸਮਰੱਥਾ ਅਤੇ ਉਸ ਦੀ ਕੂਟਨੀਤਕ ਦ੍ਰਿਸ਼ਟੀ ਦਾ ਸਬੂਤ ਵੀ ਪੇਸ਼ ਕਰਦੇ ਸਨ।

ਰਾਜਸਥਾਨ ਦੇ ਖਿੱਤੇ ਵਿੱਚ ਕਿਲ੍ਹਿਆਂ ਦੀ ਗਿਣਤੀ ਸੈਕੜਿਆਂ 'ਚ ਹੋਣ ਕਰ ਕੇ ਇਸ ਨੂੰ ਕਿਲ੍ਹਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਹ ਮਹੱਤਵਪੂਰਨ ਕਿਲ੍ਹੇ ਰਾਜਸਥਾਨੀ ਕਲਾ, ਸੰਸਕ੍ਰਿਤੀ ਅਤੇ ਬਹਾਦਰੀ ਦੇ ਅਨੇਕਾਂ ਕਿੱਸਿਆਂ ਨੂੰ ਸਾਡੇ ਦ੍ਰਿਸ਼ਟੀਗੋਚਰ ਕਰਦੇ ਹਨ। ਕਿਲ੍ਹਿਆਂ ਦੀਆਂ ਇੰਨਾਂ ਵਿਸ਼ੇਸ਼ਤਾਵਾਂ ਕਰਕੇ ਹੀ ਦੇਸ਼ਾਂ-ਵਿਦੇਸ਼ਾਂ ਵਿੱਚੋ ਲੱਖਾਂ ਸੈਲਾਨੀ ਹਰ ਵਰ੍ਹੇ ਰਾਜਸਥਾਨ ਘੁੰਮਣ ਆਉਂਦੇ ਹਨ ਅਤੇ ਕਿਲ੍ਹਿਆਂ ਦੀ ਭਵਨ ਕਲਾ ਨੂੰ ਵੇਖ ਕੇ ਰੁਮਾਂਚਿਤ ਹੁੰਦੇ ਹਨ। ਕਿਲ੍ਹੇ ਸਿਰਫ਼ ਇੱਟਾਂ, ਪੱਥਰਾਂ ਅਤੇ ਚੂਨੇ ਦੀਆਂ ਬਣੀਆ ਵਿਸ਼ਾਲ ਇਮਾਰਤਾਂ ਹੀ ਨਹੀਂ, ਸਗੋਂ ਰਾਜਿਆਂ ਦੀ ਵੀਰਤਾ, ਯੁੱਧ ਨੀਤੀ ਅਤੇ ਸੁਰੱਖਿਆ ਚੱਕਰ ਦੀ ਜਿਉਂਦੀ ਜਾਗਦੀ ਮਿਸਾਲ ਹਨ।

## 1. ਚਿਤੌੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਰਾਜਸਥਾਨ ਹੀ ਨਹੀਂ ਸੰਪੂਰਨ ਭਾਰਤ ਦੇ ਕਿਲ੍ਹਿਆਂ ਵਿੱਚ ਮਹੱਤਵਪੂਰਨ ਸਥਾਨ ਰੱਖਦਾ ਹੈ। ਇਹ ਕਿਲ੍ਹਾ ਅਰਾਵਲੀ ਪਰਬਤ ਮਾਲਾ ਦੀ ਇੱਕ ਵੱਡੀ ਪਹਾੜੀ ਦੇ ਸਿਖ਼ਰ ਉੱਤੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੀ ਨਿਸ਼ਚਿਤ ਨਿਰਮਾਣ ਮਿਤੀ ਦਾ ਤਾਂ ਪਤਾ ਨਹੀਂ ਪਰੰਤੂ ਵਿਦਵਾਨਾਂ ਅਨੁਸਾਰ ਇਹ ਮੌਰਿਆ ਵੰਸ਼ ਦੇ ਰਾਜੇ ਚਿਤਰਾਗਦ ਮੌਰਿਆ ਨੇ ਸੱਤਵੀਂ ਸਦੀ ਦੇ ਆਸੇ-ਪਾਸੇ ਬਣਵਾਇਆ। ਇਸ ਕਰਕੇ ਇਸ ਕਿਲ੍ਹੇ ਦਾ ਨਾਮ ਚਿੱਤਰਕੂਟ ਜਾਂ ਚਿਤੌੜ੍ਹ ਪੈ ਗਿਆ। ਇਸ ਕਿਲ੍ਹੇ ਵਿੱਚ ਬਹੁਤ ਸਾਰੇ ਮੰਦਰ ਅਤੇ ਤਾਲਾਬ ਮੌਜੂਦ ਹਨ। ਇਸ ਕਿਲ੍ਹੇ ਨਾਲ ਤਿੰਨ ਇਤਿਹਾਸਿਕ ਸਾਕੇ ਜੁੜੇ ਹੋਏ ਹਨ। ਪਹਿਲਾ ਸਾਕਾ 1303 ਈ. ਵਿੱਚ ਸੁਲਤਾਨ ਅਲਾਉਦੀਨ ਖਿਲਜੀ ਦੇ ਹਮਲੇ ਸਮੇਂ, ਦੂਜਾ ਸਾਕਾ 1534 ਈ. ਵਿੱਚ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਦੇ ਹਮਲੇ ਸਮੇਂ ਅਤੇ ਤੀਜਾ ਸਾਕਾ 1567 ਈ. ਵਿੱਚ ਮੁਗਲ ਬਾਦਸ਼ਾਹ ਅਕਬਰ ਦੇ ਹਮਲੇ ਸਮੇਂ ਹੋਇਆ।(ਜਦੋਂ ਯੋਧੇ ਕੇਸਰੀ ਵਸਤਰ ਪਹਿਣ ਕੇ ਤਿਆਰ ਹੋ ਜਾਂਦੇ ਸਨ ਤਾਂ ਉਹਨਾਂ ਦੀਆਂ ਇਸਤਰੀਆਂ ਉਹਨਾਂ ਨੂੰ ਸ਼ਗਨਾਂ ਨਾਲ ਯੁੱਧ ਦੇ ਮੈਦਾਨ ਵਿੱਚ ਅਣਖ ਖਾਤਰ ਲੜ ਕੇ ਜਾਨ ਵਾਰਨ ਲਈ ਭੇਜਦੀਆਂ ਸਨ ਅਤੇ ਆਪ ਅੱਗ ਵਿੱਚ ਜਿਉਂਦੀਆਂ ਜ਼ਿੰਦਗੀ ਖ਼ਤਮ ਕਰ ਲੈਦੀਆਂ ਸਨ। ਇਸ ਸਾਰੀ ਪ੍ਰਕਿਰਿਆ ਨੂੰ ਸਾਕਾ ਕਿਹਾ ਜਾਂਦਾ ਸੀ।)

ਇਸ ਕਿਲ੍ਹੇ ਦੀਆਂ ਕੰਧਾਂ ਬਹੁਤ ਮਜ਼ਬੂਤ ਸਨ, ਜਿਸ ਨੂੰ ਕੋਈ ਹਮਲਾਵਰ ਭੇਦ ਨਹੀਂ ਸਕਿਆ। ਇਸ ਕਿਲ੍ਹੇ ਦਾ ਸਭ ਤੋਂ ਵੱਧ ਆਕਰਸ਼ਣ ਰਾਣੀ ਪਦਮਣੀ ਦਾ ਮਹਿਲ ਹੈ। ਇਹ ਕਿਲ੍ਹਾ ਸੈਂਕੜਿਆਂ ਵਰ੍ਹਿਆ ਤੱਕ ਮੇਵਾੜ ਦੀ ਰਾਜਧਾਨੀ ਰਿਹਾ। ਲੋਕ ਕਵੀ ਇਸ ਕਿਲ੍ਹੇ ਨੂੰ ਹੀ ਆਪਣੀਆਂ ਰਚਨਾਵਾਂ 'ਚ ਕਿਲ੍ਹਾ ਮੰਨਦੇ ਹਨ। ਬਾਕੀਆਂ ਨੂੰ ਕਿਲ੍ਹੀਆਂ ਦਾ ਦਰਜਾ ਹੀ ਦਿੰਦੇ ਹਨ। ਇੱਕ ਰਾਜਸਥਾਨੀ ਲੋਕ ਕਵੀ ਕਿਲ੍ਹੇ ਬਾਰੇ ਲਿਖਦਾ ਹੈ:

ਗੜ੍ਹ ਤੋ ਚਿਤੌੜ ਗੜ੍ਹ ਔਰ ਸਬ ਗੜੈਯ ਹੈਂ।

## 2. ਜੈਸਲਮੇਰ ਦਾ ਕਿਲ੍ਹਾ:

ਵਿਦਵਾਨਾਂ ਅਨੁਸਾਰ ਜੈਸਲਮੇਰ ਦਾ ਕਿਲ੍ਹਾ ਰਾਜਸਥਾਨ ਵਿੱਚ ਭਾਟੀ ਰਾਜਪੂਤਾਂ ਦਾ ਸਭ ਤੋ ਵੱਡਾ ਕਿਲ੍ਹਾ ਹੈ। ਇਸ ਕਿਲ੍ਹੇ ਦਾ ਨਿਰਮਾਣ ਰਾਵ ਜੈਸਲ ਨੇ 1155 ਈ. ਵਿੱਚ ਕਰਵਾਇਆ ਅਤੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਰਾਵ ਜੈਸਲ ਦੇ ਨਾਮ ਉੱਤੇ ਹੀ ਇਸ ਕਿਲ੍ਹੇ ਦਾ ਨਾਮ ਜੈਸਲਮੇਰ ਪਿਆ। ਇਹ ਕਿਲਾ ਰਾਜਪੂਤ ਭਵਨ ਕਲਾ ਦੇ ਆਧਾਰ ਉੱਤੇ ਬਣਾਇਆ ਗਿਆ ਹੈ। ਕਿਲ੍ਹੇ ਦੇ ਅੰਦਰੂਨੀ ਭਾਗ ਵਿੱਚ ਕੀਤੀ ਗਈ, ਚਿੱਤਰਕਾਰੀ ਆਪਣੀ ਮਿਸਾਲ ਆਪ ਹੈ। ਕਿਲ੍ਹੇ ਵਿੱਚ ਬਣੇ ਹੋਏ ਰੰਗ ਮਹਿਲ, ਗਜਵਿਲਾਸ ਅਤੇ ਮੋਤੀ ਮਹਿਲ ਦੀ ਨਿਰਮਾਣਕਾਰੀ ਵੇਖਣ ਯੋਗ ਹੈ। ਮਹਿਲਾਂ ਦੇ ਨੇੜੇ ਭਗਵਾਨ ਆਦਿ ਨਾਰਾਇਣ ਅਤੇ ਸ਼ਕਤੀ ਦੇ ਮੰਦਰ ਹਨ। ਇਹਨਾਂ ਮੰਦਰਾਂ ਦੇ ਨੇੜੇ ਹੀ ਜੈਨ ਮੰਦਰਾਂ ਦਾ ਸਮੂਹ ਵੀ ਸਥਿਤ ਹੈ। ਇਸ ਕਿਲ੍ਹੇ ਨੂੰ ਸੁਨਾਰ ਕਿਲ੍ਹੇ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਿਲ੍ਹੇ ਦੀ ਮਹੱਤਤਾ ਨੂੰ ਮੁੱਖ ਰਖਦਿਆਂ ਪ੍ਰਸਿੱਧ ਹਿੰਦੀ ਫ਼ਿਲਮ ਡਾਇਰੈਕਟਰ ਸਤਿਆਜੀਤ ਰੇਅ ਨੇ **'ਸੁਨਾਰ ਕਿਲ੍ਹਾ'** ਨਾਮਕ ਫ਼ਿਲਮ ਵੀ ਬਣਾਈ ਸੀ। ਇਸ ਕਿਲ੍ਹੇ ਨੂੰ ਜਿੱਤਣ ਲਈ ਕਈ ਹਮਲਾਵਰਾਂ ਨੇ ਹਮਲੇ ਕੀਤੇ ਜਿੰਨ੍ਹਾਂ ਵਿੱਚੋਂ ਅਲਾਉਦੀਨ, ਫਿਰੋਜਸ਼ਾਹ, ਰਾਵ ਮਾਲਦੇਵ ਅਤੇ ਬੀਕਾਨੇਰ ਦੇ ਰਾਵ ਲੂਣਕਰਨ ਮੁੱਖ ਹਨ।

## 3. ਆਮੇਰ ਦਾ ਕਿਲ੍ਹਾ:

ਆਮੇਰ ਉੱਪਰ ਆਦੀਵਾਸੀ ਮੀਨਿਆਂ ਦਾ ਅਧਿਕਾਰ ਸੀ, ਪਰੰਤੂ ਕੁਸ਼ਵਾਹਾ ਰਾਜਪੂਤਾਂ ਨੇ ਇਸ ਨੂੰ ਆਦੀਵਾਸੀ ਮੀਨਿਆਂ ਤੋ ਖੋਹ ਕੇ ਆਪਣੇ ਅਧੀਨ ਕਰ ਲਿਆ ਅਤੇ ਇਸ ਨੂੰ ਆਪਣੇ ਰਾਜ ਦੀ ਰਾਜਧਾਨੀ ਬਣਾਇਆ। ਇਹ ਕਿਲ੍ਹਾ ਜੈਪੁਰ ਦੇ ਉੱਤਰ ਪੂਰਬ 'ਚ ਸੱਤ ਮੀਲ ਦੀ ਦੂਰੀ 'ਤੇ ਸਥਿਤ ਹੈ। ਆਪਣੀ ਜੁਆਨੀ ਸਮੇਂ ਇਹ ਕਿਲ੍ਹਾ ਚਾਰੇ ਪਾਸਿਆਂ ਤੋਂ ਪਹਾੜੀਆਂ ਅਤੇ ਦਰਖਤਾਂ ਨਾਲ ਘਿਰਿਆ ਹੋਇਆ ਸੀ। ਰਾਜਾ ਜੈ ਸਿੰਘ ਦੁਆਰਾ ਬਣਵਾਇਆ ਗਿਆ, ਜੈਗੜ੍ਹ ਵੀ ਆਮੇਰ ਕਿਲ੍ਹੇ ਦਾ ਹੀ ਹਿੱਸਾ ਹੈ। ਇਸ ਕਿਲ੍ਹੇ ਵਿੱਚ ਸ਼ਿਲਾ ਦੇਵੀ ਦਾ ਮੰਦਰ ਅਤੇ ਕਾਲੀ ਮੰਦਰ ਸਥਿਤ ਹਨ।

### 4. ਗਾਗਰੌਣ ਦਾ ਕਿਲ੍ਹਾ :

ਗਾਗਰੌਣ ਦਾ ਕਿਲ੍ਹਾ ਕੋਟਾ ਤੋਂ 45 ਮੀਲ ਦੀ ਦੂਰੀ ਉੱਤੇ ਦੱਖਣ-ਪੂਰਵ ਵਿੱਚ ਸਥਿਤ ਹੈ। ਇਹ ਕਿਲ੍ਹਾ ਕਾਲੀ ਸਿੰਧ ਅਤੇ ਆਹੂ ਨਦੀਆਂ ਦੇ ਸੰਗਮ ਸਥਾਨ ਉੱਪਰ ਬਣਿਆ ਹੋਇਆ ਹੈ। ਇਸ ਕਿਲ੍ਹੇ ਦਾ ਨਿਰਮਾਣ ਡੋਡ ਰਾਜਪੂਤਾਂ ਦੁਆਰਾ ਕਰਵਾਇਆ ਗਿਆ ਸੀ। ਇਸ ਦਾ ਪਹਿਲਾ ਨਾਮ ਡੋਡਗੜ੍ਹ ਸੀ। ਇਸ ਕਿਲ੍ਹੇ ਨੂੰ ਜਲ ਕਿਲ੍ਹਾ ਵੀ ਕਿਹਾ ਜਾਂਦਾ ਹੈ, ਕਿਉਂਕਿ ਇਹ ਤਿੰਨ ਪਾਸਿਆਂ ਤੋਂ ਪਾਣੀ ਨਾਲ ਘਿਰਿਆ ਹੋਇਆ ਹੈ। ਕਿਲ੍ਹੇ ਵਿੱਚ ਤਾੜ ਦੇ ਲੰਮੇ-ਲੰਮੇ ਰੁੱਖ ਮੌਜੂਦ ਹਨ। ਗਾਗਰੌਣ ਦੇ ਤੋਤੇ ਸਾਰੇ ਰਾਜਸਥਾਨ ਵਿੱਚ ਪ੍ਰਸਿੱਧ ਹਨ।

## 5. ਜੂਨਾਗੜ੍ਹ ਦਾ ਕਿਲ੍ਹਾ:

ਇਸ ਕਿਲ੍ਹੇ ਦਾ ਨਿਰਮਾਣ ਕਾਰਜ ਰਾਜਾ ਰਾਏ ਸਿੰਘ ਨੇ ਸ਼ੁਰੂ ਕਰਵਾਇਆ ਅਤੇ ਬਾਅਦ ਦੇ ਸ਼ਾਸ਼ਕਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ। ਇਹ ਕਿਲਾ ਬੀਕਾਨੇਰ ਸ਼ਹਿਰ ਵਿੱਚ ਕੋਟ ਗੇਟ ਦੇ ਨੇੜੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੇ ਚਾਰ-ਚੁਫ਼ੇਰੇ ਡੂੰਘੀ ਖੱਡ ਬਣੀ ਹੋਈ ਹੈ। ਕਿਲ੍ਹੇ ਅੰਦਰ ਜਾਣ ਲਈ

ਦੋ ਦਰਵਾਜ਼ੇ ਬਣੇ ਹੋਏ ਹਨ। ਇੱਕ ਪੂਰਬ ਵੱਲ ਤੇ ਦੂਜਾ ਪੱਛਮ ਵੱਲ । ਇਸ ਕਿਲ੍ਹੇ ਦੀ ਵਿਸ਼ੇਸ਼ਤਾ ਇਸ ਵਿੱਚ ਬਣੇ ਹੋਏ ਤੇਤੀ ਕਰੋੜ ਦੇਵੀ-ਦੇਵਤਿਆਂ ਵਾਲੇ ਮੰਦਰ ਕਰ ਕੇ ਵੀ ਹੈ। ਇਸ ਕਿਲ੍ਹੇ ਨੂੰ ਜਿੱਤਣ ਲਈ ਰਾਵ ਮਾਲਦੇਵ, ਬਖਤ ਸਿੰਘ ਅਤੇ ਅਭੈ ਸਿੰਘ ਵਰਗੇ ਰਾਜਿਆਂ ਨੇ ਹਮਲੇ ਕੀਤੇ ।

## 6. ਰਣਥੰਭੋਰ ਦਾ ਕਿਲ੍ਹਾ:

ਰਾਵਲੀ ਪਰਬਤ ਮਾਲਾ ਦੀਆਂ ਪਹਾੜੀਆਂ 'ਚ ਘਿਰਿਆ ਰਣਥੰਭੋਰ ਦਾ ਕਿਲ੍ਹਾ ਰਾਜਸਥਾਨ ਦਾ ਉਹ ਕਿਲ੍ਹਾ ਹੈ, ਜਿਸ ਤੱਕ ਪਹੁੰਚਣ ਲਈ ਸੱਪ ਦੇ ਆਕਾਰ ਵਰਗੇ ਔਖੇ ਅਤੇ ਛੋਟੇ ਰਸਤੇ ਵਿੱਚੋਂ ਗੁਜ਼ਰਨਾ ਪੈਂਦਾ ਹੈ। ਵਿਦਵਾਨਾਂ ਅਨੁਸਾਰ ਇਸ ਕਿਲ੍ਹੇ ਦਾ ਨਿਰਮਾਣ ਅਜਮੇਰ ਦੇ ਚੌਹਾਨ ਸ਼ਾਸ਼ਕਾਂ ਦੁਆਰਾ 8ਵੀਂ ਸ਼ਤਾਬਦੀ 'ਚ ਕਰਵਾਇਆ ਗਿਆ। ਇਹ ਕਿਲ੍ਹਾ ਦਿੱਲੀ ਤੋਂ 232 ਮੀਲ ਅਤੇ ਜੈਪੁਰ ਤੋਂ 90 ਮੀਲ ਦੀ ਦੂਰੀ 'ਤੇ ਸਥਿਤ ਹੈ। ਪਾਣੀ ਦੀ ਭਰਪੂਰ ਮਾਤਰਾ ਵਾਸਤੇ ਇਸ ਕਿਲ੍ਹੇ ਵਿੱਚ ਪੰਜ ਵੱਡੇ ਵੱਡੇ ਤਾਲਾਬ ਬਣਵਾਏ ਗਏ ਸਨ।

ਇਸ ਕਿਲ੍ਹੇ ਦਾ ਅਸਲ ਨਾਮ ਰੰਤਪੁਰ ਹੈ, ਜਿਸ ਦਾ ਅਰਥ ਹੈ -ਉਹ ਨਗਰ ਜਿਹੜਾ ਰਣ ਭਾਵ ਯੁੱਧ ਦੀ ਘਾਟੀ, 'ਚ ਸਥਿਤ ਹੋਵੇ। ਕਿਲ੍ਹੇ ਦਾ ਇਹ ਨਾਂ ਦੋ ਪਹਾੜੀਆਂ ਦੇ ਨਾਵਾਂ ਤੋਂ ਪਿਆ ਹੈ। ਕਿਲ੍ਹੇ ਦੀ ਨੇੜਲੀ ਪਹਾੜੀ ਦਾ ਨਾਂ ਰਣ ਹੈ ਅਤੇ ਜਿਸ ਪਹਾੜੀ ਉੱਤੇ ਕਿਲ੍ਹਾ ਸਥਿਤ ਹੈ, ਉਸ ਦਾ ਨਾਮ ਹੈ-ਥੰਭ। ਇਸ ਤਰ੍ਹਾਂ ਇਹਨਾਂ ਪਹਾੜੀਆਂ ਕਰਕੇ ਇਸ ਕਿਲ੍ਹੇ ਦਾ ਨਾ ਰਣਥੰਭੋਰ ਪੈ ਗਿਆ।

## 7. ਕੁੰਭਲਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਉਦੈਪੁਰ ਤੋਂ ਲਗਭਗ 60 ਮੀਲ ਦੀ ਦੂਰੀ ਉੱਤੇ ਸਥਿਤ ਹੈ। ਇਸ ਕਿਲ੍ਹੇ ਨੂੰ ਮਹਾਰਾਣਾ ਕੁੰਭਾ ਨੇ ਤਿਆਰ ਕਰਵਾਇਆ ਸੀ। ਕਿਲ੍ਹੇ ਦਾ ਘੇਰਾ ਬਹੁਤ ਚੌੜ੍ਹਾ ਹੈ। ਕੰਧਾਂ ਦੀ ਚੌੜ੍ਹਾਈ ਏਨੀ ਰੱਖੀ ਗਈ ਸੀ ਕਿ ਦੋ-ਤਿੰਨ ਘੋੜ ਸਵਾਰ ਬਰਾਬਰ ਚੱਲ ਸਕਣ। ਕਿਲ੍ਹੇ ਦੇ ਤਿੰਨ ਪ੍ਰਵੇਸ਼ ਦੁਆਰ ਹਨ: ਟੋਡਾਬਾਰੀ, ਟੂਰਯਾਹੀੜਾ, ਦਾਣੀਵਟਾ। ਇਸ ਕਿਲ੍ਹੇ ਵਿੱਚ ਬਹੁਤ ਸਾਰੇ ਜੈਨ ਮੰਦਰ ਬਣੇ ਹੋਏ ਹਨ। ਇਸ ਕਿਲ੍ਹੇ ਦੀ ਵਿਸ਼ੇਸ਼ਤਾ ਇਸ ਅੰਦਰ ਹੀ ਇੱਕ ਹੋਰ ਕਿਲ੍ਹੇ ਦਾ ਬਣਿਆ ਹੋਣਾ ਹੈ। ਇਸ ਕਿਲ੍ਹੇ ਨੂੰ ਕੁੰਭਲਮੇਰਨ ਜਾਂ ਕੁੰਭਲਗੜ੍ਹ ਵੀ ਕਿਹਾ ਜਾਂਦਾ ਹੈ।

## 8. ਤਾਰਾਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਬੂੰਦੀ ਨਗਰ ਨਾਲ ਸੰਬੰਧਿਤ ਹੈ। ਬੂੰਦੀ ਦੋ ਪਹਾੜਾਂ ਦੇ ਆਸੇ-ਪਾਸੇ ਵਸਿਆ ਹੋਇਆ ਨਗਰ ਹੈ। ਇਕ ਪਹਾੜ ਦੀ ਟੀਸੀ ਉੱਪਰ ਤਾਰਾਗੜ੍ਹ ਕਿਲ੍ਹਾ ਬਣਿਆ ਹੋਇਆ ਹੈ ਅਤੇ ਦੂਜੇ ਪਹਾੜ ਦੀ ਟੀਸੀ ਉੱਪਰ ਰਾਜ ਨਿਵਾਸ। ਵਿਦਵਾਨਾਂ ਅਨੁਸਾਰ ਇਸ ਕਿਲ੍ਹੇ ਦਾ ਨਿਰਮਾਣ ਰਾਵ ਨਰ ਸਿੰਘ ਨੇ 1354 ਈ. ਵਿੱਚ ਕਰਵਾਇਆ। ਕਿਲ੍ਹੇ ਵਿੱਚ ਕਈ ਛਤਰੀਆਂ ਬਣੀਆਂ ਹੋਈਆਂ ਸਨ । ਇਹ ਕਿਲ੍ਹਾ ਅੱਜ ਆਪਣੀ ਰਾਜਸ਼ਾਹੀ ਠਾਠ ਨੂੰ ਗਵਾ ਚੁੱਕਾ ਹੈ। ਪਰੰਤੂ ਇਸ ਦੇ ਖੰਡਰ ਇਸ ਦੀ ਆਭਾ ਨੂੰ ਦਰਸਾਉਂਦੇ ਹਨ। ਇਸ ਕਿਲ੍ਹੇ ਦੇ ਅੰਦਰੂਨੀ ਭਾਗਾਂ 'ਚ ਹੋਈ ਰੰਗੀਨ ਕੱਚ ਦੀ ਮੀਨਾਕਾਰੀ ਅਤੇ ਭਿੱਤੀ ਚਿੱਤਰ ਇਸ ਕਿਲ੍ਹੇ ਦੀ ਮੁੱਖ ਵਿਸ਼ੇਸ਼ਤਾ ਸੀ।

## 9. ਨਾਹਰਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਜੈਪੁਰ ਦੇ ਨੇੜੇ ਹੀ ਬਣਿਆ ਹੋਇਆ ਹੈ। ਜੈਪੁਰ ਤਿੰਨ ਦਿਸ਼ਾਵਾਂ ਤੋਂ ਪਹਾੜੀ ਖੇਤਰ

ਨਾਲ ਸੁਰੱਖਿਅਤ ਸੀ। ਦੱਖਣ ਵੱਲ ਦੀ ਸੁਰੱਖਿਆ ਨੂੰ ਧਿਆਨ 'ਚ ਰੱਖ ਕੇ ਇਸ ਕਿਲ੍ਹੇ ਦਾ ਨਿਰਮਾਣ ਸਵਾਈ ਜੈ ਸਿੰਘ ਦੁਆਰਾ ਕਰਵਾਇਆ ਗਿਆ।

ਇਹ ਕਿਲ੍ਹਾ ਉੱਚੀ ਪਹਾੜੀ ਉੱਪਰ ਨਾ ਹੋਣ ਕਰਕੇ ਜੈਪੁਰ ਸ਼ਹਿਰ ਵਿੱਚੋਂ ਸਪੱਸ਼ਟ ਦਿਖਾਈ ਦਿੰਦਾ ਹੈ ਅਤੇ ਇਹ ਸ਼ਹਿਰ ਦੀ ਸੁੰਦਰਤਾ ਵਿੱਚ ਵਾਧਾ ਕਰਦਾ ਹੈ। ਕਿਲ੍ਹੇ ਨਾਲ ਹੀ ਬਣੇ ਹੋਏ ਸੂਰਜ ਪ੍ਰਕਾਸ਼, ਖੁਸ਼ਹਾਲ ਪ੍ਰਕਾਸ਼, ਰਤਨ ਪ੍ਰਕਾਸ਼ ਅਤੇ ਬਸੰਤ ਪ੍ਰਕਾਸ਼ ਭਵਨ ਹਨ। ਜਿਹੜੇ ਆਪਣੀ ਸਮਰੂਪਤਾ ਅਤੇ ਚਿੱਤਰਕਾਰੀ ਦੀਆਂ ਬਾਰੀਕੀਆਂ ਕਰਕੇ ਪ੍ਰਸਿੱਧ ਹਨ। ਇਹਨਾਂ ਭਵਨਾਂ ਦਾ ਨਿਰਮਾਣ ਸਵਾਈ ਮਾਧੋ ਸਿੰਘ ਅਤੇ ਰਾਮ ਸਿੰਘ ਨੇ ਆਪਣੇ ਰਾਜ ਕਾਲ ਦੌਰਾਨ ਕਰਵਾਇਆ।

## 10.ਮਹਿਰਾਣਗੜ੍ਹ ਦਾ ਕਿਲ੍ਹਾ:

ਇਹ ਕਿਲ੍ਹਾ ਜੋਧਪੁਰ ਜਿਲ੍ਹੇ 'ਚ ਸਥਿਤ ਹੈ। ਇਸ ਕਿਲ੍ਹੇ ਦਾ ਨਿਰਮਾਣ ਰਾਵ ਯੋਧਾ ਨੇ ਕਰਵਾਇਆ ਸੀ। ਇਸ ਕਿਲ੍ਹੇ ਦੇ ਆਸੇ-ਪਾਸੇ ਜੋ ਨਗਰ ਵਸਾਇਆ ਗਿਆ, ਉਸ ਦਾ ਨਾਮ ਰਾਵ ਜੋਧਾ ਦੇ ਨਾਮ 'ਤੇ ਜੋਧਪੁਰ ਹੋ ਗਿਆ। ਇਹ ਕਿਲ੍ਹਾ ਚਿੜੀਆ ਟੂੰਕ ਨਾਮ ਦੀ ਉੱਚੀ ਪਹਾੜੀ ਉੱਤੇ ਬਣਿਆ ਹੋਇਆ ਹੈ। ਇਸ ਕਿਲ੍ਹੇ ਦੇ ਭਾਵੇਂ ਕਈ ਦਰਵਾਜ਼ੇ ਹਨ, ਪ੍ਰੰਤੂ ਇਹਨਾਂ ਵਿੱਚੋਂ ਜੈਪੋਲ, ਲੋਹਾਪੋਲ ਅਤੇ ਫ਼ਤਿਹਪੋਲ ਪ੍ਰਮੁੱਖ ਹਨ।

ਉਪਰੋਕਤ ਕਿਲ੍ਹਿਆਂ ਤੋਂ ਬਿਨਾਂ ਮਾਂਡਲਗੜ੍ਹ ਦਾ ਕਿਲ੍ਹਾ, ਨਾਗੌਰ ਦਾ ਕਿਲ੍ਹਾ, ਭਟਨੇਰ ਦਾ ਕਿਲ੍ਹਾ, ਜੈਗੜ੍ਹ ਦਾ ਕਿਲ੍ਹਾ ਆਦਿ ਹੋਰ ਵੀ ਬਹੁਤ ਸਾਰੇ ਕਿਲ੍ਹੇ ਹਨ। ਕਿਲ੍ਹਿਆਂ ਦੀ ਵਿਸਥਾਰਮਈ ਜਾਣਕਾਰੀ ਨੂੰ ਪੜ੍ਹ ਕੇ ਅਸੀਂ ਆਖ ਸਕਦੇ ਹਾਂ ਕਿ ਕਿਲ੍ਹੇ ਸਿਰਫ਼ ਰਾਜਿਆਂ ਲਈ ਸੁਰੱਖਿਆ ਛਤਰੀ ਹੀ ਨਹੀਂ ਸਨ, ਸਗੋਂ ਉਸ ਸਮੇਂ ਦੀ ਭਵਨ ਕਲਾ, ਚਿੱਤਰ ਕਲਾ, ਅਤੇ ਰਾਜਿਆਂ ਦੀ ਰੱਖਿਆ ਨੀਤੀ ਦਾ ਮੁੱਖ ਸਾਧਨ ਸਨ।

# ਅਭਿਆਸ-ਪ੍ਰਸ਼ਨ

1. ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ-ਕੀ ਵਿਸ਼ੇਸ਼ਤਾਵਾਂ ਹਨ ?
2. ਰਾਜਸਥਾਨ ਦਾ ਸਭ ਤੋਂ ਮਹੱਤਵਪੂਰਨ ਕਿਲ੍ਹਾ ਕਿਹੜਾ ਹੈ ? ਤੇ ਇਸਦੀ ਕੀ ਵਿਸ਼ੇਸ਼ਤਾ ਹੈ ?
3. ਕਿਹੜਾ ਕਿਲ੍ਹਾ ਰਾਜਸਥਾਨ ਦੇ ਭਾਟੀ ਰਾਜਪੂਤਾਂ ਨਾਲ ਸੰਬੰਧਿਤ ਹੈ ? ਟਿੱਪਣੀ ਕਰੋ।
4. ਗਾਗਰੌਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਕਾਰਣ ਲਿਖੋ ।
5. ਰਣਥੰਭੋਰ ਕਿਲ੍ਹੇ ਉੱਪਰ ਟਿੱਪਣੀ ਕਰੋ।

# ਹਰਪ੍ਰੀਤ ਕੌਰ

ਹਰਪ੍ਰੀਤ ਕੌਰ ਕਾਫ਼ੀ ਲੰਮੇ ਸਮੇਂ ਤੋਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀਆਂ ਅਕਾਦਮਿਕ, ਧਾਰਮਿਕ ਗਤੀਵਿਧੀਆਂ ਨਾਲ ਜੁੜੀ ਹੋਈ ਪ੍ਰਾਅਧਿਆਪਕਾ ਹੈ। ਉਸ ਦੇ ਸਿੱਖ ਧਰਮ ਨਾਲ ਸੰਬੰਧਿਤ ਲੇਖ ਸਮੇਂ-ਸਮੇਂ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ ਪੰਜਾਬੀ ਦੁਨੀਆਂ, ਤ੍ਰਿਸ਼ੰਕੂ, ਅਤੇ ਜਨ-ਸਾਹਿਤ ਵਿੱਚ ਛਪਦੇ ਰਹੇ ਹਨ। ਲੇਖਿਕਾ ਇੱਕ ਆਲੋਚਨਾਤਮਕ ਪੁਸਤਕ 'ਪੰਜਵਾਂ ਸਾਹਿਬਜ਼ਾਦਾ: ਇਤਿਹਾਸਕ ਪਰਿਪੇਖ' ਪੰਜਾਬੀ ਪਾਠਕਾਂ ਦੀ ਝੋਲੀ ਵੀ ਪਾ ਚੁੱਕੀ ਹੈ।

ਹਰਪ੍ਰੀਤ ਕੌਰ ਦਾ ਜਨਮ 20 ਅਗਸਤ 1964 ਨੂੰ ਨੀਲੋਖੇੜੀ ਹਰਿਆਣਾ ਵਿਖੇ ਪਿਤਾ ਪ੍ਰੇਮ ਸਿੰਘ ਅਤੇ ਮਾਤਾ ਮਨਮੋਹਨ ਕੌਰ ਦੇ ਘਰ ਹੋਇਆ। ਹਰਪ੍ਰੀਤ ਕੌਰ ਨੇ ਮੈਟ੍ਰਿਕ ਦੀ ਪੜ੍ਹਾਈ ਆਨੰਦਪੁਰ ਸਾਹਿਬ ਤੋਂ ਪ੍ਰਾਪਤ ਕੀਤੀ। ਬੀ.ਏ. ਗੋਪੀਚੰਦ ਆਰਿਆ ਮਹਿਲਾ ਕਾਲਜ ਅਬੋਹਰ ਤੋਂ ਪ੍ਰਾਪਤ ਕੀਤੀ। ਇਸ ਉਪਰੰਤ ਐਮ. ਏ. ਪੰਜਾਬੀ ਤੇ ਐਮ. ਫ਼ਿਲ. ਕੀਤੀ। ਅੱਜ-ਕੱਲ੍ਹ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੀ.ਐਚ. ਡੀ. ਕਰ ਰਹੀ ਹੈ। ਪੜ੍ਹਾਈ ਦੇ ਨਾਲ-ਨਾਲ ਉਹ ਪਿਛਲੇ ਪੰਦਰਾਂ ਸਾਲਾਂ ਤੋਂ ਡੀ.ਏ.ਵੀ. ਕਾਲਜ ਅਬੋਹਰ ਵਿੱਚ ਬਤੌਰ ਪੰਜਾਬੀ ਪ੍ਰਾਅਧਿਆਪਕਾ ਵਜੋਂ ਸੇਵਾ ਨਿਭਾ ਰਹੀ ਹੈ। ਕਾਲਜ ਦੀਆਂ ਅਕਾਦਮਿਕ-ਸਭਿਆਚਾਰਕ ਗਤੀਵਿਧੀਆਂ ਵਿੱਚ ਵੀ ਉਹ ਆਪਣਾ ਵਿਸ਼ੇਸ਼ ਯੋਗਦਾਨ ਪਾ ਰਹੀ ਹੈ। ਇਸ ਯੋਗਦਾਨ ਸਦਕਾ ਇਸਤਰੀ ਦਿਵਸ 2016 ਨੂੰ ਬੀ.ਐਡ. ਕਾਲਜ ਆਫ਼ ਅਬੋਹਰ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਵੀ ਲੇਖਿਕਾ ਨੂੰ ਕਈ ਵਾਰ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਸ ਪਾਠ-ਪੁਸਤਕ ਲਈ ਭਾਈ ਮਰਦਾਨਾ ਸੰਬੰਧੀ ਲੇਖ ਵਿਸ਼ੇਸ਼ ਰੂਪ ਵਿੱਚ ਲਿਖਵਾਇਆ ਗਿਆ ਹੈ।